# ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
# ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ, ਪੰਜਾਬ,

ਪੰਜਵੀ ਮੰਜਿਲ, ਈ ਬਲਾਕ, ਸਿੱਖਿਆ ਭਵਨ, ਪੀ.ਐਸ.ਈ.ਬੀ. ਕੰਪਲੈਕਸ, ਫੇਜ਼-8, ਐਸ.ਏ.ਐਸ ਨਗਰ
ਫੋਨ ਨੰ:0172-5212364 Website: www.ssapunjab.org

ਵੱਲ,

1) ਡਾਇਰੈਕਟਰ ਜਨਰਲ, ਪੁਸ਼ਪਾ ਗੁਜ਼ਰਾਲ ਸਾਇੰਸ ਸਿਟੀ, ਕਪੂਰਥਲਾ।
2) ਡੀ.ਐਮ., ਪੀ.ਆਰ.ਟੀ.ਸੀ.।
3) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), ਪੰਜਾਬ।
4) ਸਮੂਹ ਸਕੂਲ ਮੁੱਖੀ, ਪੰਜਾਬ।

ਮੀਮੋ ਨੰ : ਰਮਸਾ/ਐਮਸੀ/2016/ 2016123 73
ਮਿਤੀ : 19-8-2016

ਵਿਸ਼ਾ :- **ਮੁੱਖ ਮੰਤਰੀ ਵਿਗਿਆਨ ਯਾਤਰਾ ਤਹਿਤ ਵਿਦਿਆਰਥੀਆਂ ਨੂੰ ਪੁਸ਼ਪਾ ਗੁਜ਼ਰਾਲ ਸਾਇੰਸ ਸਿਟੀ, ਕਪੂਰਥਲਾ ਦੀ ਵਿਜ਼ਿਟ ਕਰਵਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਮੁੱਖ ਮੰਤਰੀ ਵਿਗਿਆਨ ਯਾਤਰਾ (ਪੁਸ਼ਪਾ ਗੁਜਰਾਲ ਸਾਇੰਸ ਸਿਟੀ, ਕਪੂਰਥਲਾ) ਰਾਜ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਨੌਵੀਂ ਅਤੇ ਦਸਵੀਂ ਜਮਾਤਾਂ ਦੇ ਵਿਦਿਆਰਥੀਆਂ ਨੂੰ ਕਰਵਾਈ ਜਾਵੇਗੀ। ਇਸ ਯਾਤਰਾ ਲਈ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਪਹਿਲ ਦਿੱਤੀ ਜਾਵੇ।

2.0 ਇਸ ਸਬੰਧੀ 90 ਰੁਪਏ ਪ੍ਰਤੀ ਵਿਦਿਆਰਥੀ ਟਿਕਟ ਦੇ ਹਿਸਾਬ ਨਾਲ ਪੁਸ਼ਪਾ ਗੁਜ਼ਰਾਲ ਸਾਇੰਸ ਸਿਟੀ, ਕਪੂਰਥਲਾ ਇਹ ਸਮੁੱਚੀ ਵਿਜ਼ਿਟ ਕਰਵਾਏਗਾ।

ਮੁੱਖ ਮੰਤਰੀ ਵਿਗਿਆਨ ਯਾਤਰਾ ਦਾ ਸ਼ਡਿਊਲ ਹੇਠ ਲਿਖੇ ਅਨੁਸਾਰ ਹੈ:-

| ਮਹੀਨਾ | | | | | ਰੋਜ਼ਾਨਾ ਵਿਜ਼ਿਟ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ | ਵਿਜ਼ਿਟ ਕਰਨ ਵਾਲੇ ਅਧਿਆਪਕਾਂ ਦੀ ਗਿਣਤੀ | ਕੁੱਲ ਬੱਸਾਂ ਦੀ ਗਿਣਤੀ, ਜਿਨ੍ਹਾਂ ਰਾਹੀਂ ਵਿਗਿਆਨ ਯਾਤਰਾ ਕਰਵਾਈ ਗਈ |
|---|---|---|---|---|---|---|---|
| ਅਗਸਤ | ਸਤੰਬਰ | ਅਕਤੂਬਰ | ਨਵਬੰਰ | ਦਸੰਬਰ | | | |
| ਮਿਤੀ 22 .8.16 ਤੋਂ 31.8.16 | ਮਿਤੀ 1.9.16 ਤੋਂ 11 .9.16 | ਮਿਤੀ 1.10.16 ਤੋਂ 29.10.16 | 1.11.16 ਤੋਂ 30.11.16 | 1.12.16 ਤੋਂ 24.12.16 | | | |
| 10 ਦਿਨ | 11 ਦਿਨ | 27 ਦਿਨ | 29 ਦਿਨ | 23 ਦਿਨ | 50 ਵਿਦਿਆਰਥੀ | 2 ਗਾਈਡ ਅਧਿਆਪਕ | ਰੋਜ਼ਾਨਾ ਇੱਕ ਬੱਸ |
| ਕੁੱਲ : 100 ਦਿਨ | | | | | 50 × 22 = 1100 ਵਿਦਿਆਰਥੀ ਪ੍ਰਤੀ ਦਿਨ | 44 ਗਾਈਡ ਅਧਿਆਪਕ ਪ੍ਰਤੀ ਦਿਨ | 22 ਬੱਸਾਂ ਪ੍ਰਤੀ ਦਿਨ |

ਨੋਟ :- 1) ਵਿਦਿਆਰਥੀਆਂ ਨਾਲ ਗਾਈਡ ਅਧਿਆਪਕ ਵਿਗਿਆਨ ਅਤੇ ਗਣਿਤ ਵਿਸ਼ੇ ਦੇ ਹੀ ਭੇਜੇ ਜਾਣਗੇ।

2) 2, 11, 30, 31 ਅਕਤੂਬਰ, 14 ਨਵੰਬਰ ਅਤੇ 4 ਦਸੰਬਰ ਨੂੰ ਬੱਸਾਂ ਸਾਇੰਸ ਸਿਟੀ ਨਹੀਂ ਜਾਣਗੀਆਂ ਜੀ।

3) ਮਿਤੀ 22 ਅਗਸਤ ਤੋਂ 22 ਨਵੰਬਰ ਤੱਕ ਨੌਵੀ ਅਤੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਇਹ ਵਿਜ਼ਿਟ ਕਰਵਾਈ ਜਾਵੇਗੀ ਅਤੇ 23 ਨਵੰਬਰ ਤੋਂ 24 ਦਸੰਬਰ ਤੱਕ ਛੇਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀ ਨੂੰ ਸਾਇੰਸ ਸਿਟੀ ਦੀ ਵਿਜ਼ਿਟ ਕਰਵਾਈ ਜਾਵੇਗੀ।

3.0 ਬੱਸਾਂ ਦਾ ਪ੍ਰਬੰਧ ਪੀ.ਆਰ.ਟੀ.ਸੀ./ਟ੍ਰਾਂਸਪੋਰਟ ਵਿਭਾਗ ਵੱਲੋਂ ਕੀਤਾ ਜਾਵੇਗਾ।

4.0 ਸਿੱਖਿਆ ਵਿਭਾਗ ਵੱਲੋਂ ਜਾਰੀ ਹਦਾਇਤਾਂ ਮੁਤਾਬਿਕ ਜਿਹੜੇ ਵਿਦਿਆਰਥੀਆਂ ਨੇ ਪਿਛਲੇ ਦੋ ਸਾਲਾਂ ਵਿੱਚ ਸਾਇੰਸ ਸਿਟੀ ਦੀ ਵਿਜ਼ਿਟ ਕੀਤੀ ਹੈ, ਉਹਨਾਂ ਨੂੰ ਹੁਣ ਮੁੱਖ ਮੰਤਰੀ ਵਿਗਿਆਨ ਯਾਤਰਾ ਅਧੀਨ ਵਿਜ਼ਿਟ ਦੁਬਾਰਾ ਨਹੀਂ ਕਰਵਾਈ ਜਾਵੇਗੀ।

5.0 ਮੁੱਖ ਮੰਤਰੀ ਵਿਗਿਆਨ ਯਾਤਰਾ ਅਧੀਨ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਪਹਿਲ ਦਿੱਤੀ ਜਾਵੇਗੀ, ਉਸ ਤੋਂ ਬਾਅਦ ਨੌਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਸਾਇੰਸ ਸਿਟੀ, ਕਪੂਰਥਲਾ ਦੀ ਵਿਜ਼ਿਟ ਕਰਵਾਈ ਜਾਵੇਗੀ।

6.0 ਟਰਾਂਸਪੋਰਟ ਵਿਭਾਗ ਦੇ ਨੋਟੀਫਿਕੇਸ਼ਨ ਨੰ. 2/10/91-4 ਟੀ/935 ਮਿਤੀ 12 ਜੂਨ 2012 ਦੇ ਤਹਿਤ ਟਰਾਂਸਪੋਰਟ ਵਿਭਾਗ ਦੇ ਅਧੀਨ ਆਉਂਦੀ ਏਜੰਸੀ ਪੰਜਾਬ ਰੋਡਵੇਜ਼, ਪੀ.ਆਰ.ਟੀ.ਸੀ. ਅਤੇ ਪਨਬੱਸ ਦੀਆਂ ਬੱਸਾਂ ਜੋ ਕਿ ਬੱਚਿਆਂ ਨੂੰ ਸਾਇੰਸ ਸਿਟੀ ਲੈ ਕੇ ਆਉਣਗੀਆਂ ਅਤੇ ਵਾਪਸ ਛੱਡਣਗੀਆਂ, ਉਹਨਾਂ ਨੂੰ 4500 + ਤੇਲ ਦਾ ਖਰਚਾ (4.50 Km per litre) ਅਤੇ ਟੋਲ ਪਲਾਜ਼ਾ ਆਦਿ ਦੇ ਖਰਚੇ ਦਿੱਤੇ ਜਾਣਗੇ। ਇਸ ਤੋਂ ਇਲਾਵਾ ਸਾਇੰਸ ਸਿਟੀ ਵੱਲੋਂ ਲਿਆ ਗਿਆ ਪਾਰਕਿੰਗ ਦਾ ਖਰਚਾ ਵੀ ਵਸੂਲਿਆ ਜਾਵੇਗਾ।ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਟਰਾਂਸਪੋਰਟ ਵਿਭਾਗ ਨਾਲ ਕੀਤੀ ਮੀਟਿੰਗ ਵਿੱਚ ਇਹ ਵੀ ਫੈਸਲਾ ਕੀਤਾ ਗਿਆ ਕਿ ਵਿਦਿਆਰਥੀਆਂ ਨੂੰ ਲੈ ਕੇ ਆਉਣ-ਜਾਣ ਵਾਲੀ ਬੱਸ ਵਾਪਸ ਆਪਣੇ ਡਿਪੂ ਵਿਖੇ ਨਹੀਂ ਜਾਵੇਗੀ, ਸਗੋਂ ਸਿੱਖਿਆ ਵਿਭਾਗ ਦੇ ਸ਼ਡਿਊਲ ਮੁਤਾਬਿਕ ਅਗਲੇ ਸਕੂਲ ਵਿੱਚ ਖੜੀ ਕੀਤੀ ਜਾਵੇਗੀ। ਉਪਰੋਕਤ ਬੱਸ ਸਿਰਫ਼ ਤੇਲ ਪਵਾਉਣ ਲਈ ਰਸਤੇ ਵਿੱਚ ਆਉਂਦੇ ਪੈਟਰੋਲ ਪੰਪ/ ਡਿਪੂ ਵਿਖੇ ਹੀ ਜਾਵੇਗੀ।

7.0 ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), ਪੰਜਾਬ ਆਪਣੇ-ਆਪਣੇ ਜ਼ਿਲ੍ਹਿਆਂ ਤੋਂ ਇਸ ਯਾਤਰਾ ਦਾ ਆਰੰਭ ਕਰਨਗੇ।ਇਸ ਸਬੰਧੀ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਸਕੂਲ ਮੁਖੀ ਰਾਹੀਂ ਤੁਰੰਤ ਹੀ ਸੂਚਿਤ ਕਰਕੇ ਲੋੜੀਂਦੀ ਕਾਰਵਾਈ ਕਰ ਲਈ ਜਾਵੇ।ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) / ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ ਇਸ ਸਬੰਧੀ ਪਿਛਲੇ ਸਾਲ ਦੀ ਤਰਜ ਤੇ ਟ੍ਰਾਂਸਪੋਰਟ ਵਿਭਾਗ/ਪੀ.ਆਰ.ਟੀ.ਸੀ./ਪੰਜਾਬ ਰੋਡਵੇਜ਼/ਪਨਬੱਸ ਨਾਲ ਤੁਰੰਤ ਹੀ ਰਾਬਤਾ ਕਾਇਮ ਕਰ ਲੈਣ।

8.0 ਮੁੱਖ ਮੰਤਰੀ ਵਿਗਿਆਨ ਯਾਤਰਾ ਅਧੀਨ ਪਹਿਲਾਂ ਵਿਜ਼ਿਟ ਕੀਤੇ ਗਏ ਵਿਦਿਆਰਥੀਆਂ ਦੇ ਆਵਾਜਾਈ ਦੇ ਦਿੱਤੇ ਗਏ ਬਿਲਾਂ ਦੀ ਅਦਾਇਗੀ ਵੀ ਨੁਕਤਾ ਨੰ. 6.0 ਦੇ ਮੁਤਾਬਿਕ ਹੀ ਕੀਤੀ ਜਾਵੇਗੀ। ਟਰਾਂਸਪੋਰਟ ਵਿਭਾਗ ਵੱਲੋਂ ਦਿੱਤੇ ਗਏ ਬਿਲਾਂ ਦੀ ਅਦਾਇਗੀ ਬੈਂਕ ਅਕਾਊਂਟਸ ਵਿੱਚ ਆਰ.ਟੀ.ਜੀ.ਐਸ. (RTGS) / ਚੈੱਕ ਰਾਹੀਂ ਸਾਇੰਸ ਸਿਟੀ ਰਾਹੀਂ ਸਿੱਖਿਆ ਵਿਭਾਗ ਵੱਲੋਂ ਦਿੱਤੀ ਗਈ ਰਾਸ਼ੀ ਵਿੱਚੋਂ ਕਰ ਦਿੱਤੀਆਂ ਜਾਣਗੀਆਂ।

9.0 ਉੱਕਤ ਸਾਰਣੀ ਵਿੱਚ ਦਿੱਤੇ ਗਏ ਸ਼ਡਿਊਲ ਮੁਤਾਬਿਕ ਆਪਣੇ-ਆਪਣੇ ਜ਼ਿਲ੍ਹੇ ਦਾ ਹਰੇਕ ਮਹੀਨੇ ਦਾ ਸ਼ਡਿਊਲ (ਜਿਸ ਜਗ੍ਹਾ ਤੋਂ ਬੱਸ ਚਲਣੀ ਹੈ ਸਬੰਧੀ) ਮੁੱਖ ਦਫ਼ਤਰ ਨੂੰ ਯਾਤਰਾ ਸ਼ੁਰੂ ਹੋਣ ਤੋਂ ਇੱਕ ਹਫਤੇ ਪਹਿਲਾਂ ssascience41@gmail.com ਰਾਹੀਂ ਮੁਹੱਈਆ ਕਰਵਾਉਣਾ ਅਤੇ ਟਰਾਂਸਪੋਰਟ ਵਿਭਾਗ ਦੀ ਈ ਮੇਲ punbuspunbus@yahoo.com ਅਤੇ ਪੀ.ਆਰ.ਟੀ.ਸੀ. ਦੀ ਈ ਮੇਲ ID prtc.chd@gmail.com , mdprtc@gmail.com ਰਾਹੀਂ ਭੇਜਣਾ ਯਕੀਨੀ ਬਣਾਇਆ ਜਾਵੇ।

10.0 ਪੁਸ਼ਪਾ ਗੁਜ਼ਰਾਲ ਸਾਇੰਸ ਸਿਟੀ, ਕਪੂਰਥਲਾ ਦੀ ਵਿਜ਼ਿਟ ਕਰਨ ਵਾਲੇ ਵਿਦਿਆਰਥੀ ਆਪਣਾ ਖਾਣਾ/ Tiffin ਆਪਣੇ ਨਾਲ ਲੈ ਕੇ ਜਾਣਗੇ।

11.0 ਡੀ.ਐਮ. ਪੀ.ਆਰ.ਟੀ.ਸੀ./ ਟਰਾਂਸਪੋਰਟ ਵਿਭਾਗ ਵੱਲੋਂ ਵੀ ਉੱਕਤ ਸਬੰਧੀ ਪ੍ਰਬੰਧ ਮੁਕੰਮਲ ਕਰਕੇ ਮੁੱਖ ਦਫ਼ਤਰ ਨੂੰ ਸੂਚਨਾ ਈ-ਮੇਲ ssascience41@gmail.com ਰਾਹੀਂ ਭੇਜੀ ਜਾਵੇ।

12.0 ਹੁਕਮਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ**

**ਪਿੱਠ ਅੰਕਣ ਨੰ: ਰਮਸਾ/ਐਮਸੀ/2016/** **ਮਿਤੀ:**

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।
1) ਡੀ.ਪੀ.ਆਈ. (ਸੈ.ਸਿ.), ਪੰਜਾਬ।
2) ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ,ਪੰਜਾਬ ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ**